## ਬੋਲੀ ਦੇ ਨਿਯਮ ਅਤੇ ਸ਼ਰਤਾਂ

01- ਸਰਕੰਡੇ ਦੀ ਬੋਲੀ ਵਿਚ ਸਿਰਫ ਉਹ ਹੀ ਬੋਲੀਕਾਰ ਹਿੱਸਾ ਲੈ ਸਕੇਗਾ ਜਿਸਦੇ ਕੋਲ ਅਪਣਾ GST No. ਅਤੇ Income Tax No. (PAN) ਹੋਵੇਗਾ।

02- ਬੋਲੀਕਾਰ ਨੂੰ ਬੋਲੀ ਸ਼ੁਰੂ ਹੋਣ ਤੋਂ ਪਹਿਲਾਂ 5000/- ਰੁਪਏ ਜਮਾਨਤੀ ਰਕਮ ਨਕਦ ਜਮ੍ਹਾਂ ਕਰਵਾਉਣੀ ਹੋਵੇਗੀ। ਸਭ ਤੋਂ ਵੱਧ ਬੋਲੀ ਦੇਣ ਵਾਲੇ ਬੋਲੀਕਾਰ ਦੀ ਜਮਾਨਤੀ ਰਕਮ ਬੀਏ-16 ਰਾਹੀਂ ਜਮ੍ਹਾਂ ਕੀਤੀ ਜਾਵੇਗੀ ਅਤੇ ਕੰਮ ਪੂਰਾ ਹੋਣ ਉਪਰਾਂਤ ਵਾਪਿਸ ਕੀਤੀ ਜਾਵੇਗੀ ਅਤੇ ਬਾਕੀ ਬੋਲੀਕਾਰਾਂ ਦੀ ਜਮਾਨਤੀ ਰਕਮ ਬੋਲੀ ਖਤਮ ਹੋਣ ਤੇ ਵਾਪਿਸ ਕਰ ਦਿੱਤੀ ਜਾਵੇਗੀ ।

03- ਬੋਲੀ ਉਪਰੰਤ ਸਫਲ ਬੋਲੀਕਾਰ ਨੂੰ ਸਾਰੀ ਰਕਮ ਮੌਕੇ ਤੇ ਹੀ ਜਮ੍ਹਾਂ ਕਰਵਾਉਣੀ ਪਵੇਗੀ। ਸਾਰੀ ਰਕਮ ਜਮ੍ਹਾਂ ਹੋਣ ਉਪਰੰਤ ਅਧਿਕਾਰਤ ਪੱਤਰ ਜਾਰੀ ਕੀਤਾ ਜਾਵੇਗਾ ਅਤੇ ਇਸ ਸਰਕੰਡੇ ਦੀ ਮਾਲਕੀ ਅਧਿਕਾਰਤ ਪੱਤਰ ਜਾਰੀ ਹੋਣ ਤੋਂ ਸ਼ੁਰੂ ਹੋਵੇਗੀ।

03- ਬੋਲੀਕਾਰ ਵਲੋਂ ਵੱਧ ਤੋਂ ਵੱਧ ਦਿੱਤੀ ਬੋਲੀ ਦੀ ਰਕਮ ਉਪਰ ਲਾਗੂ GST ਅਤੇ **2.00%** ਦੀ ਦਰ ਨਾਲ ਆਮਦਨਕਰ ਬੋਲੀ ਦੀ ਰਕਮ ਨਾਲ ਜਮ੍ਹਾਂ ਕਰਵਾਉਣਾ ਹੋਵੇਗਾ ।

04- ਸਫਲ ਬੋਲੀਕਾਰ ਨੂੰ ਅਧਿਕਾਰਤ ਪੱਤਰ ਜਾਰੀ ਹੋਣ ਤੋਂ ਬਾਅਦ ਮਿਤੀ 31-03-2019 ਤੱਕ ਸਾਰੀ ਕਟਾਈ ਮੁਕੰਮਲ ਕਰਨੀ ਹੋਵੇਗੀ। ਮੁਕੰਮਲ ਨਾ ਕਰਨ ਦੀ ਸੂਰਤ ਵਿਚ ½% ਪ੍ਰਤੀ ਹਫਤਾ ਪੈਨਲਟੀ ਵਸੂਲ ਜਾਂ ਵੱਧ ਤੋਂ ਵੱਧ ਅਲਾਟਮੈਂਟ ਦੀ ਰਕਮ ਦਾ 10% ਪੈਨਲਟੀ ਵਸੂਲ ਕੀਤੀ ਜਾਵੇਗੀ ।

05- ਸਰਕੰਡੇ ਦੀ ਕਟਾਈ ਸਮੇਂ ਨਹਿਰ ਦੇ ਸਪੋਆਇਲਾਂ ਤੇ ਲੱਗੇ ਬੂਟਿਆਂ ਜਾਂ ਪੰ:ਸ:ਪਾ:ਕਾ:ਲਿ: ਦੀ ਕਿਸੇ ਹੋਰ ਸੰਪਤੀ ਦਾ ਪੂਰਾ ਪੂਰਾ ਧਿਆਨ ਰਖਣਾ ਹੋਵੇਗਾ। ਉਹਨਾਂ ਨੂੰ ਕਿਸੇ ਕਿਸਮ ਦਾ ਨੁਕਸਾਨ ਨਹੀਂ ਪਹੁੰਚਣਾ ਚਾਹੀਦਾ, ਜੇਕਰ ਕੋਈ ਨੁਕਸਾਨ ਪਹੁੰਚਦਾ ਹੈ ਤਾਂ ਉਸ ਦੀ ਭਰਪਾਈ ਬੋਲੀਕਾਰ ਦੀ ਜਮਾਨਤੀ ਰਕਮ ਵਿਚੋਂ ਕੀਤੀ ਜਾਵੇਗੀ। ਪੰ:ਸ:ਪਾ:ਕਾ:ਲਿ: ਦੀ ਜਮੀਨ ਵਿਚੋਂ ਕੱਟੇ ਸਰਕੰਡੇ ਦੀ ਢੁਆਈ ਦੀ ਜਿਮੇਂਵਾਰੀ ਬੋਲੀਕਾਰ ਦੀ ਹੋਵੇਗੀ।

06- ਸਰਕੰਡੇ ਦੀ ਕਟਾਈ ਜੜ੍ਹ ਤੋਂ 10 ਸੈਂਟੀ ਮੀਟਰ ਤੋਂ ਉਪਰ ਕਰਨੀ ਹੋਵੇਗੀ ।

07- ਨਹਿਰ ਨਾਲ ਲਗਦੀ ਪੰ:ਸ:ਪਾ:ਕਾ:ਲਿ: ਦੀ ਜਮੀਨ ਤੇ ਅੱਗੋਂ ਪਸ਼ੂ ਚਰਾਉਣ ਵਾਸਤੇ ਘਾਹ ਆਦਿ ਵੇਚਣ ਦੀ ਮਨਾਹੀ ਹੋਵੇਗੀ । ਕਿਉਂਕਿ ਨਹਿਰ ਦੇ ਬੈਂਕ ਤੇ ਡੰਗਰ ਚੜ੍ਹਾਉਣ ਨਾਲ ਇਹ ਬੈਂਕ ਖਰਾਬ ਹੁੰਦਾ ਹੈ। ਜੇਕਰ ਬੋਲੀਕਾਰ ਅਜਿਹਾ ਕਰਦਾ ਪਾਇਆ ਗਿਆ ਤਾਂ ਉਸ ਸੂਰਤ ਵਿਚ ਬੋਲੀ ਰੱਦ ਕਰ ਦਿੱਤੀ ਜਾਵੇਗੀ ਅਤੇ ਜਮ੍ਹਾਂ ਕਰਵਾਈ ਗਈ ਰਕਮ ਵਾਪਸ ਨਹੀਂ ਕੀਤੀ ਜਾਵੇਗੀ ਅਤੇ ਬੋਲੀਕਾਰ ਨੂੰ ਬਾਕੀ ਰਹਿੰਦਾ ਸਰਕੰਡਾ ਕੱਟਣ ਦਾ ਕੋਈ ਅਧਿਕਾਰ ਨਹੀਂ ਹੋਵੇਗਾ।

08- ਸਰਕੰਡੇ ਦੀ ਰਾਖਵੀਂ ਕੀਮਤ ਮੌਕੇ ਤੇ ਕਮੇਟੀ ਦੁਆਰਾ ਨਿਰਧਾਰਤ ਕੀਤੀ ਜਾਵੇਗੀ ।

09- ਬੋਲੀ ਬਿਨਾਂ ਕਾਰਣ ਦੱਸੇ ਰੱਦ ਕਰਨ ਦਾ ਨਿਮਨਹਸਤਾਖਰ ਨੂੰ ਅਧਿਕਾਰ ਹੋਵੇਗਾ ।

10- ਕਟਾਈ ਸਬੰਧਤ ਏ.ਈ.ਈ./ਸਿਵਲ ਦੀ ਤਸੱਲੀ ਮੁਤਾਬਿਕ ਕਰਨੀ ਹੋਵੇਗੀ। ਕਿਸੇ ਝਗੜੇ ਜਾਂ ਆਪਸੀ ਮਤਭੇਦ ਦੀ ਸੂਰਤ ਵਿੱਚ ਨਿਮਨਹਸਤਾਖਰ ਦਾ ਫੈਸਲਾ ਦੋਨਾਂ ਧਿਰਾਂ ਲਈ ਮੰਨਣਯੋਗ ਹੋਵੇਗਾ ।

ਸੀਨੀ: ਕਾਰਜਕਾਰੀ ਇੰਜੀਨੀਅਰ/ਓ ਤੇ ਐਮ,
ਯੂ.ਬੀ.ਡੀ.ਸੀ.ਹਾਈ:ਚੈਨਲ ਪੰ:ਸ:ਪਾ:ਕਾ:ਲਿ:,
ਮਲਿਕਪੁਰ (ਪਠਾਨਕੋਟ) ।